# ਐਡਵਾਂਸ ਵਿੱਚ ਵੋਟ ਪਾਓ।

# ਡਾਕ ਰਾਹੀਂ ਵੋਟ ਪਾਓ।

## ਵਿਸ਼ੇਸ਼ ਬੈਲਟ (special ballot) ਲਈ ਅਰਜ਼ੀਆਂ ਹੁਣ ਦਿੱਤੀਆਂ ਜਾ ਸਕਦੀਆਂ ਹਨ।

## 19 ਅਕਤੂਬਰ ਤੱਕ ਇੰਤਜ਼ਾਰ ਨਾ ਕਰੋ।

ਅਲਬਰਟਾ ਦਾ ਹਰ ਯੋਗ ਵੋਟਰ ਡਾਕ ਰਾਹੀਂ ਵੋਟ ਪਾਉਣ ਲਈ ਅਰਜ਼ੀ ਦੇ ਸਕਦਾ ਹੈ। ਤੁਹਾਨੂੰ ਕੋਈ ਖਾਸ ਕਾਰਨ ਦੱਸਣ ਦੀ ਲੋੜ ਨਹੀਂ ਹੈ।

ਘਰ ਤੋਂ ਹੀ ਵੋਟ ਪਾਓ, ਸਾਰੇ 10 ਬੈਲਟ ਪੂਰੇ ਕਰਨ ਲਈ ਲੋੜੀਂਦਾ ਸਮਾਂ ਲਓ ਅਤੇ ਵੋਟਿੰਗ ਵਾਲੇ ਦਿਨ ਲਾਈਨਾਂ ਵਿੱਚ ਖੜ੍ਹਨ ਤੋਂ ਬਚੋ।

ਸਵਾਲ 10 ਲਈ:
**ਕੈਨੇਡਾ ਵਿੱਚ ਬਣੇ ਰਹਿਣਾ**
✓

ਸਵਾਲ 1 ਤੋਂ 9 ਲਈ:
**ਨਹੀਂ (NO)**
✓

# ਗਲਤ ਜਾਣਕਾਰੀ ਫ਼ੈਲਾਈ ਜਾ ਰਹੀ ਹੈ। ਤੱਥਾਂ ਦੀ ਸਹੀ ਜਾਣਕਾਰੀ ਬਹੁਤ ਜ਼ਰੂਰੀ ਹੈ।

**ਗਲਤ ਜਾਣਕਾਰੀ**

**ਅਲਬਰਟਾ ਨੂੰ ਦਰਪੇਸ਼ ਚੁਣੌਤੀਆਂ ਲਈ ਇਮੀਗ੍ਰੇਸ਼ਨ (ਪ੍ਰਵਾਸ) ਜ਼ਿੰਮੇਵਾਰ ਹੈ।**

**ਤੱਥ**

ਨਵੇਂ ਆਏ ਲੋਕ ਸਾਡੇ ਸਹਿ-ਕਰਮਚਾਰੀ, ਗੁਆਂਢੀ ਅਤੇ ਦੋਸਤ ਹਨ। ਉਹ ਇੱਥੇ ਕੰਮ ਕਰਦੇ ਹਨ, ਟੈਕਸ ਅਦਾ ਕਰਦੇ ਹਨ, ਲੋੜੀਂਦੇ ਕੰਮ ਸੰਭਾਲਦੇ ਹਨ ਅਤੇ ਸਾਡੀ ਆਰਥਿਕਤਾ ਵਿੱਚ ਯੋਗਦਾਨ ਪਾਉਂਦੇ ਹਨ। ਸਿਹਤ ਸੰਭਾਲ ਅਤੇ ਸਿੱਖਿਆ ਦੇ ਖੇਤਰ ਵਿੱਚ ਅਲਬਰਟਾ ਦੀਆਂ ਸਮੱਸਿਆਵਾਂ ਦਾ ਕਾਰਨ ਨਵੇਂ ਆਏ ਲੋਕ ਨਹੀਂ ਹਨ।

**ਗਲਤ ਜਾਣਕਾਰੀ**

**ਗੈਰ-ਸਥਾਈ ਨਿਵਾਸੀਆਂ ਨੂੰ ਸਿਹਤ ਸੰਭਾਲ, ਸਿੱਖਿਆ ਅਤੇ ਸੇਵਾਵਾਂ ਮੁਫ਼ਤ ਮਿਲਦੀਆਂ ਹਨ।**

**ਤੱਥ**

ਗੈਰ-ਸਥਾਈ ਨਿਵਾਸੀ ਇੱਥੇ ਕੰਮ ਕਰਦੇ ਹਨ ਅਤੇ ਟੈਕਸਾਂ ਰਾਹੀਂ ਕਰੋੜਾਂ ਡਾਲਰ ਦਾ ਭੁਗਤਾਨ ਕਰਦੇ ਹਨ, ਜੋ ਜਨਤਕ ਸੇਵਾਵਾਂ ਲਈ ਫੰਡ ਜੁਟਾਉਣ ਵਿੱਚ ਮਦਦ ਕਰਦੇ ਹਨ। ਕੁਝ ਲੋਕ, ਜੋ ਇਨ੍ਹਾਂ ਸੇਵਾਵਾਂ ਲਈ ਯੋਗ ਨਹੀਂ ਹਨ, ਉਹ ਪਹਿਲਾਂ ਹੀ ਇਨ੍ਹਾਂ ਲਈ ਆਪਣੀ ਜੇਬ ਵਿੱਚੋਂ ਭੁਗਤਾਨ ਕਰਦੇ ਹਨ।

**ਗਲਤ ਜਾਣਕਾਰੀ**

**ਅਸੀਂ ਸਿਰਫ਼ ਫ਼ੈਡਰਲ ਸਰਕਾਰ ਨੂੰ ਸੁਨੇਹਾ ਦੇਣ ਲਈ ਵੱਖ ਹੋਣ ਦੇ ਹੱਕ ਵਿੱਚ ਵੋਟ ਪਾ ਸਕਦੇ ਹਾਂ।**

**ਤੱਥ**

ਵੱਖ ਹੋਣ ਨਾਲ ਅਸਲ ਆਰਥਿਕ ਅਨਿਸ਼ਚਿਤਤਾ ਪੈਦਾ ਹੁੰਦੀ ਹੈ। ਕਾਰੋਬਾਰ ਨਿਵੇਸ਼ ਅਤੇ ਹੋਰ ਨੌਕਰੀਆਂ ਲਈ ਭਰਤੀ ਵਿੱਚ ਦੇਰੀ ਕਰ ਸਕਦੇ ਹਨ। ਨੌਕਰੀਆਂ ਖਤਰੇ ਵਿੱਚ ਪੈ ਸਕਦੀਆਂ ਹਨ। ਪਰਿਵਾਰ ਇਹ ਸੋਚਣ ਲਈ ਮਜਬੂਰ ਹਨ ਕਿ ਅੱਗੇ ਕੀ ਹੋਵੇਗਾ। ਅਸੀਂ ਆਪਣੀਆਂ ਨੌਕਰੀਆਂ ਅਤੇ ਆਰਥਿਕ ਸੁਰੱਖਿਆ ਨੂੰ ਖਤਰੇ ਵਿੱਚ ਪਾਏ ਬਿਨਾਂ ਅਲਬਰਟਾ ਲਈ ਅਪਣਾ ਸਮਰਥਨ ਦੇ ਸਕਦੇ ਹਾਂ।

**ਗਲਤ ਜਾਣਕਾਰੀ**

**ਇਹ ਵੋਟਾਂ ਅਲਬਰਟਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਗੀਆਂ।**

**ਤੱਥ**

ਇਹ ਸਰਜਰੀ ਦੇ ਇੰਤਜ਼ਾਰ ਦੇ ਸਮੇਂ ਨੂੰ ਘੱਟ ਨਹੀਂ ਕਰਨਗੀਆਂ, ਫੈਮਲੀ ਡਾਕਟਰ ਲੱਭਣ ਵਿੱਚ ਮਦਦ ਨਹੀਂ ਕਰਨਗੀਆਂ, ਕਲਾਸਰੂਮ ਵਿੱਚ ਕੋਈ ਹੋਰ ਅਧਿਆਪਕ ਨਹੀਂ ਲਿਆਉਣਗੀਆਂ ਅਤੇ ਨਾ ਹੀ ਤੁਹਾਡੇ ਰਾਸ਼ਨ ਦੇ ਬਿੱਲ ਨੂੰ ਘਟਾਉਣਗੀਆਂ। ਆਓ ਉਨ੍ਹਾਂ ਮੁੱਦਿਆਂ ਵੱਲ ਧਿਆਨ ਦੇਈਏ ਜੋ ਅਸਲ ਵਿੱਚ ਮਹੱਤਵਪੂਰਨ ਹਨ: ਸਿਹਤ ਸੰਭਾਲ, ਸਿੱਖਿਆ, ਕਿਫਾਇਤੀ ਜੀਵਨ, ਨੌਕਰੀਆਂ ਅਤੇ ਇੱਕ ਮਜ਼ਬੂਤ ਆਰਥਿਕਤਾ।

# ਬਹੁਤ ਹੋ ਗਿਆ।

**ਹੋਰ ਅਨਿਸ਼ਚਿਤਤਾ ਨਹੀਂ।**

**ਹੋਰ ਧਿਆਨ ਭਟਕਣਾ ਨਹੀਂ।**

**ਆਪਣੇ ਵਿਸ਼ੇਸ਼ ਬੈਲਟ ਲਈ ਹੁਣੇ ਹੀ ਹੇਠਾਂ ਦਿੱਤੇ ਲਿੰਕ ਤੇ ਕਲਿੱਕ ਕਰੋ;**

**ਆਪਣੀ ਵੋਟ ਪਾਉਣ ਦਾ ਵਾਅਦਾ ਕਰੋ। ਵਲੰਟੀਅਰ ਬਣੋ। ਦਾਨ ਕਰੋ। ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਇਸ ਵੈਬਸਾਈਟ ਤੇ ਜਾਓ; albertareferendum2026.org**

## ਇਨ੍ਹਾਂ ਜਨਮਤ ਸੰਗ੍ਰਹਿ ਦੇ ਸਵਾਲਾਂ ਨੂੰ ਲੈ ਕੇ ਕਾਫ਼ੀ ਚਰਚਾ/ਰੌਲਾ-ਰੱਪਾ ਹੈ।

ਤੱਥਾਂ ਦੀ ਜਾਣਕਾਰੀ ਹਾਸਲ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਵੋਟਾਂ ਦੇ ਤੁਹਾਡੇ ਅਤੇ ਤੁਹਾਡੇ ਪਰਿਵਾਰ, ਸਾਡੀਆਂ ਜਨਤਕ ਸੇਵਾਵਾਂ, ਰੁਜ਼ਗਾਰ ਅਤੇ ਅਲਬਰਟਾ ਦੀ ਆਰਥਿਕ ਸੁਰੱਖਿਆ ਨੂੰ ਬਹੁਤ ਪ੍ਰਭਾਵਿਤ ਕਰ ਸਕਦੇ ਹਨ।

780G 01

Together – “No!” (Public Interest Alberta, 10512 122 St NW Edmonton) ਦੁਆਰਾ ਅਧਿਕਾਰਤ, ਜੋ ਕਿ ਰੈਫਰੈਂਡਮ ਲਈ ਤੀਜੀ-ਧਿਰ ਇਸ਼ਤਿਹਾਰਦਾਤਾ ਹੈ। ਸਾਡੇ ਨਾਲ office(at)pialberta.org 'ਤੇ ਸੰਪਰਕ ਕਰੋ। ਅਸੀਂ ਅਲਬਰਟਾ ਦੇ ਕੈਨੇਡਾ ਵਿੱਚ ਬਣੇ ਰਹਿਣ ਦਾ ਸਮਰਥਨ ਕਰਦੇ ਹਾਂ ਅਤੇ ਬਾਕੀ ਨੌਂ ਸਵਾਲਾਂ ਦਾ ਵਿਰੋਧ ਕਰਦੇ ਹਾਂ।

# ਬਹੁਤ ਹੋ ਗਿਆ। ਆਓ ਅੱਗੇ ਵਧੀਏ।

**19 ਅਕਤੂਬਰ ਨੂੰ,**

**ਅਲਬਰਟਾ ਦੇ ਵਾਸੀ ਜਨਮਤ ਸੰਗ੍ਰਹਿ (referendum) ਦੇ 10 ਸਵਾਲਾਂ 'ਤੇ ਵੋਟਾਂ ਪਾਉਣਗੇ।**

ਅਲਬਰਟਾ ਦੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਮੁੱਦੇ ਹਨ: ਸਿਹਤ ਸੰਭਾਲ, ਸਿੱਖਿਆ, ਖਰਚਾ-ਸਮਰੱਥਾ (affordability), ਨੌਕਰੀਆਂ ਅਤੇ ਸਾਡੀ ਆਰਥਿਕਤਾ। ਸਾਡਾ ਸਮਾਂ, ਊਰਜਾ ਅਤੇ ਟੈਕਸ ਦਾ ਪੈਸਾ ਇਨ੍ਹਾਂ ਮੁੱਦਿਆਂ 'ਤੇ ਲੱਗਣਾ ਚਾਹੀਦਾ ਹੈ।

## ਹੋਰ ਅਨਿਸ਼ਚਿਤਤਾ ਨਹੀਂ। ਹੋਰ ਧਿਆਨ ਭਟਕਣਾ ਨਹੀਂ।

ਸਵਾਲ 10 ਲਈ:

**ਕੈਨੇਡਾ ਵਿੱਚ ਬਣੇ ਰਹਿਣਾ**

✓

ਸਵਾਲ 1 ਤੋਂ 9 ਲਈ:

**ਨਹੀਂ (NO)**

✓

## ਅਸੀਂ ਕਿਨ੍ਹਾਂ ਮੁੱਦਿਆਂ 'ਤੇ ਵੋਟ ਪਾ ਰਹੇ ਹਾਂ?

**ਤੁਹਾਨੂੰ 10 ਵੱਖਰੀਆਂ ਵੱਖਰੀਆਂ ਵੋਟ ਪਰਚੀਆਂ ਮਿਲਣਗੀਆਂ:**

### ਸਵਾਲ 1 — ਇਮੀਗ੍ਰੇਸ਼ਨ

ਸੂਬਾਈ ਕੰਟਰੋਲ ਵਧਾਉਣਾ, ਇਮੀਗ੍ਰੇਸ਼ਨ ਘਟਾਉਣਾ, ਆਰਥਿਕ ਇਮੀਗ੍ਰੇਸ਼ਨ ਨੂੰ ਤਰਜੀਹ ਦੇਣਾ ਅਤੇ ਨਵੀਆਂ ਨੌਕਰੀਆਂ ਲਈ ਅਲਬਰਟਾ ਵਾਸੀਆਂ ਨੂੰ ਪਹਿਲ ਦੇਣਾ।

### ਸਵਾਲ 2 — ਜਨਤਕ ਸੇਵਾਵਾਂ

ਇਮੀਗ੍ਰੇਸ਼ਨ ਸਥਿਤੀ (Status) ਦੇ ਆਧਾਰ 'ਤੇ ਸੂਬੇ ਦੁਆਰਾ ਫੰਡ ਪ੍ਰਾਪਤ ਸਿਹਤ ਸੰਭਾਲ, ਸਿੱਖਿਆ ਅਤੇ ਸਮਾਜਿਕ ਸੇਵਾਵਾਂ ਨੂੰ ਸੀਮਤ ਕਰਨਾ।

### ਸਵਾਲ 3 — ਸਮਾਜਿਕ ਸਹਾਇਤਾ

ਗੈਰ-ਸਥਾਈ ਇਮੀਗ੍ਰੇਸ਼ਨ ਸਥਿਤੀ ਵਾਲੇ ਲੋਕਾਂ ਨੂੰ ਸਮਾਜਿਕ ਸਹਾਇਤਾ ਹਾਸਲ ਕਰਨ ਲਈ ਅਲਬਰਟਾ ਵਿੱਚ 12 ਮਹੀਨੇ ਰਹਿਣ ਦੀ ਸ਼ਰਤ ਲਾਉਣਾ।

### ਸਵਾਲ 4 — ਸਿਹਤ ਸੰਭਾਲ ਅਤੇ ਸਿੱਖਿਆ

ਗੈਰ-ਸਥਾਈ ਨਿਵਾਸੀਆਂ ਤੋਂ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੁਆਰਾ ਸਿਹਤ ਸੰਭਾਲ ਅਤੇ ਸਿੱਖਿਆ ਦੀ ਵਰਤੋਂ ਲਈ ਫੀਸਾਂ ਜਾਂ ਹੋਰ ਖ਼ਰਚੇ ਵਸੂਲਣਾ।

### ਸਵਾਲ 5 — ਵੋਟਿੰਗ

ਅਲਬਰਟਾ ਦੀਆਂ ਸੂਬਾਈ ਚੋਣਾਂ ਵਿੱਚ ਵੋਟ ਪਾਉਣ ਲਈ ਕੈਨੇਡੀਅਨ ਨਾਗਰਿਕਤਾ ਦੇ ਸਬੂਤ ਵਿਖਾਉਣਾ ਲਾਜ਼ਮੀ ਕਰਨਾ।

### ਸਵਾਲ 6 — ਜੱਜ

ਫ਼ੈਡਰਲ ਸਰਕਾਰ ਦੀ ਬਜਾਏ ਸੂਬਾਈ ਸਰਕਾਰਾਂ ਨੂੰ 'ਕਿੰਗਜ਼ ਬੈਂਚ' (King's Bench) ਅਤੇ 'ਅਪੀਲ ਕੋਰਟ' (Appeal Court) ਦੇ ਜੱਜਾਂ ਦੀ ਚੋਣ ਕਰਨ ਦੀ ਸ਼ਕਤੀ ਦੇਣਾ।

### ਸਵਾਲ 7 — ਸੈਨੇਟ

ਫ਼ੈਡਰਲ ਢਾਂਚੇ ਵਿੱਚ ਸੈਨੇਟ ਨੂੰ ਖਤਮ ਕਰਨ ਲਈ ਸੰਵਿਧਾਨ ਵਿੱਚ ਸੋਧ ਕਰਨਾ।

### ਸਵਾਲ 8 — ਫ਼ੈਡਰਲ ਪ੍ਰੋਗਰਾਮ

ਸੂਬਿਆਂ ਨੂੰ ਸੰਬੰਧਿਤ ਫ਼ੈਡਰਲ ਫੰਡਿੰਗ ਗੁਆਏ ਬਿਨਾਂ ਸੂਬਾਈ ਖੇਤਰਾਂ ਵਿੱਚ ਫ਼ੈਡਰਲ ਪ੍ਰੋਗਰਾਮਾਂ ਤੋਂ ਬਾਹਰ ਹੋਣ (opt out) ਦੀ ਇਜਾਜ਼ਤ ਦੇਣਾ।

### ਸਵਾਲ 9 — ਸੂਬਾਈ ਸ਼ਕਤੀਆਂ

ਜਦੋਂ ਸੂਬਾਈ ਜਾਂ ਸਾਂਝੇ ਅਧਿਕਾਰ ਖੇਤਰਾਂ ਵਿੱਚ ਟਕਰਾਅ ਹੋਵੇ ਤਾਂ ਫ਼ੈਡਰਲ ਕਾਨੂੰਨਾਂ ਨਾਲੋਂ ਸੂਬਾਈ ਕਾਨੂੰਨਾਂ ਨੂੰ ਤਰਜੀਹ ਦੇਣਾ।

### ਸਵਾਲ 10 — ਵੱਖ ਹੋਣਾ

ਕੈਨੇਡਾ ਵਿੱਚ ਬਣੇ ਰਹਿਣਾ ਜਾਂ ਵੱਖ ਹੋਣ ਬਾਰੇ ਭਵਿੱਖ ਦੇ ਲਾਜ਼ਮੀ ਜਨਮਤ ਸੰਗ੍ਰਹਿ (referendum) ਲਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਨਾ।